# SUBJECT : PUNJABI

## SUBJECT CODE : 104

# CLASS – XII (2025-26)

| | | |
|---|---|---|
| **ਲਿਖਤੀ ਪਰੀਖਿਆ** | - | 80 **ਅੰਕ** |
| **ਆਂਤਰਿਕ ਮੁਲਾਂਕਣ** | - | 20 **ਅੰਕ** |
| **ਕੁੱਲ** | - | 100 **ਅੰਕ** |

***ਲਿਖਤੀ ਪਰੀਖਿਆ ਲਈ ਸਮਾਂ 3 ਘੰਟੇ***

ਸੀਨੀਅਰ ਸੈਕੰਡਰੀ ਪੱਧਰ 'ਤੇ ਪੰਜਾਬੀ ਪੜ੍ਹਨ ਵਾਲ਼ੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਿਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਿਆ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾਅ ਵੀ ਉਹਨਾਂ ਨੂੰ ਖੁਸ਼ੀ ਪ੍ਰਦਾਨ ਕਰਦਾ ਹੈ। ਸੋ ਪਾਠ-ਕ੍ਰਮ ਵਿੱਚ ਇਹ ਯਤਨ ਕੀਤਾ ਗਿਆ ਹੈ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਪ੍ਰਫੁਲਿਤ ਹੋ ਚੁੱਕੀ ਹੈ। ਜਿਸ ਸਦਕਾ ਵਿੱਦਿਆ ਦੇ ਖੇਤਰ ਵਿੱਚ ਸੰਸਾਰ ਪੱਧਰ ਦੀਆਂ ਭਾਸ਼ਾਵਾਂ ਨੇ ਜਿਵੇਂ-ਜਿਵੇਂ ਅੰਤਰਰਾਸ਼ਟਰੀ ਮੰਚ ਉੱਤੇ ਆਪਣਾ ਪ੍ਰਭਾਵ ਪਾਇਆ ਹੈ। ਉਸੇ ਤਰ੍ਹਾਂ ਪੰਜਾਬੀ ਭਾਸ਼ਾ ਨੇ ਵੀ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਨਾਲ਼ ਵਿਸ਼ਵੀਕਰਨ ਦੇ ਦੌਰ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ।

ਭਾਸ਼ਾ ਦੇ ਪ੍ਰਗਟਾਅ ਲਈ ਸੀ.ਬੀ.ਐੱਸ.ਈ. ਨੇ ਵੀ ਅਹਿਮ ਉਪਰਾਲਾ ਕਰਕੇ, ਉਚੇਚੇ ਤੇ ਵਿਸ਼ੇਸ਼ ਢੰਗ ਨਾਲ਼ ਪਾਠ-ਕ੍ਰਮ ਵਿੱਚ ਬਦਲਾਓ ਲਿਆਉਂਦੇ ਹੋਏ 20 **ਅੰਕਾਂ ਦੇ ਆਂਤਰਿਕ ਮੁਲਾਂਕਣ** ਨਾਲ਼, ਵਿਅਕਤੀਗਤ ਪੜਚੋਲ ਰਾਹੀਂ ਵਿਦਿਆਰਥੀ ਦੀ ਸ਼ਖ਼ਸ਼ੀਅਤ ਨੂੰ ਉਭਾਰਨ ਦਾ ਉਪਰਾਲਾ ਕੀਤਾ ਹੈ। 80 **ਅੰਕ** ਪਰੰਪਰਾ ਨੂੰ ਅੱਗੇ ਤੋਰਦੇ ਹੋਏ **ਲਿਖਤੀ ਪਰੀਖਿਆ** ਲਈ ਰਾਖਵੇਂ ਰੱਖੇ ਗਏ ਹਨ।

ਪੰਜਾਬੀ ਭਾਸ਼ਾ ਦਾ ਵਿਸ਼ੇਸ਼ ਦਰਜਾ ਹੋਣ ਕਾਰਨ ਵਿਦਿਆਰਥੀ ਦਾ **ਆਂਤਰਿਕ ਮੁਲਾਂਕਣ ਪਰੀਖਿਅਕ** ਵੱਲੋਂ ਕੀਤਾ ਜਾਣਾ ਜ਼ਰੂਰੀ ਹੈ।

## 1. ਸਲਾਨਾ ਲਿਖਤੀ ਪਰੀਖਿਆ

**(Year End Written Exam - 80 Marks)**

| ਇਕਾਈ /ਸਿੱਖਣ ਦਾ ਖੇਤਰ | ਅੰਕ | |
|---|---|---|
| **ਭਾਸ਼ਾ** | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 8 | 36 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 15 | |
| (ੲ) ਵਿਆਕਰਨ | 13 | |
| **ਸਾਹਿਤ** | 44 | |

## 2. ਆਂਤਰਿਕ ਮੁਲਾਂਕਣ

**(Internal Assesment - 20 Marks)**

| | |
|---|---|
| 1. **ਪ੍ਰੋਜੈਕਟ (PROJECT)** | 10 **ਅੰਕ** |
| 2. **ਸੁਣਨ ਅਤੇ ਬੋਲਣ ਆਧਾਰਿਤ ਕਿਰਿਆਵਾਂ** | 10 **ਅੰਕ** |

### ਭਾਸ਼ਾ

**ਅਡਵਾਂਸ ਪੜ੍ਹਨ ਕੌਸ਼ਲ** 23

(1) **ਅਣਡਿੱਠਾ ਪੈਰਾ** (**Unseen Passage**) :

ਜਾਣਕਾਰੀ ਭਰਪੂਰ **ਇੱਕ ਅਣਡਿੱਠਾ** ਪੈਰਾ ਤੇ ਉਸ ਨਾਲ਼ ਸੰਬੰਧਿਤ 8 ਬਹੁ-ਵਿਕਲਪੀ ਪ੍ਰਸ਼ਨ 8x1=8

**ਪ੍ਰਭਾਵਸ਼ਾਲੀ ਲਿਖਣ-ਕੌਸ਼ਲ**

(2) **ਕਾਰ-ਵਿਹਾਰ ਦੇ ਪੱਤਰ** *(ਚੋਣ ਆਧਾਰਿਤ)* 8

(3) **ਦਿੱਤੇ ਗਏ ਵਿਸ਼ੇ 'ਤੇ** (125 **ਤੋਂ** 150 **ਸ਼ਬਦ**) **ਪੈਰਾ-ਰਚਨਾ ਕਰਨਾ** *(ਚੋਣ ਆਧਾਰਿਤ)* 7

**ਵਿਹਾਰਕ ਵਿਆਕਰਨ** **13**

(4) **ਵਾਕ-ਵਟਾਂਦਰਾ** (ਅਤਿ ਛੋਟੇ ਪ੍ਰਸ਼ਨ) ***ਚੋਣ ਆਧਾਰਿਤ*** (3X1)3

***(ਲਾਜ਼ਮੀ ਪੰਜਾਬੀ 12 ਪਾਠ-ਪੁਸਤਕ 'ਤੇ ਆਧਾਰਿਤ)***

(5) **ਅਖਾਣ/ਅਖਾਉਂਤਾਂ** *: ਵਰਤ ਕੇ ਸਥਿਤੀ ਸਪਸ਼ਟ ਕਰਨਾ* ***(ਚੋਣ ਆਧਾਰਿਤ)*** (5X2)**10**

***(ਲਾਜ਼ਮੀ ਪੰਜਾਬੀ 12 ਪਾਠ-ਪੁਸਤਕ ਵਿੱਚ ਦਰਜ ਅਖਾਣ/ਅਖਾਉਤਾਂ 'ਤੇ ਆਧਾਰਿਤ)***

## ਸਾਹਿਤ **44**

(6) **ਕਵਿਤਾ** **12**

(ੳ) ਦਿੱਤੀਆਂ ਗਈਆਂ **ਦੋ ਕਾਵਿ-ਟੁਕੜੀਆਂ** ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ 3+5=8

**(ਅ) ਬਹੁ-ਵਿਕਲਪੀ 4 ਪ੍ਰਸ਼ਨ** (4X1)=4

(7) **ਕਹਾਣੀਆਂ** **19**

(ੳ) **ਵਿਸ਼ਾ, ਚਰਿੱਤਰ-ਚਿਤਰਨ, ਆਲੋਚਨਾਤਮਿਕ ਸਾਰ** ਸੰਬੰਧੀ (125–150 ਸ਼ਬਦ) **ਚੋਣ ਆਧਾਰਿਤ** 6

**(ਅ)** ਬਹੁ–ਵਿਕਲਪੀ 5 ਪ੍ਰਸ਼ਨ (5X1)=**5**

**(ੲ)** ਛੋਟੇ ਉੱਤਰ ਵਾਲ਼ੇ 4 ਪ੍ਰਸ਼ਨ (25–30 ਸ਼ਬਦਾਂ ਵਿੱਚ) **ਚੋਣ ਆਧਾਰਿਤ** (4X2)=**8**

(8) **ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ** **13**

**(ੳ)** ਬਹੁ–ਵਿਕਲਪੀ 5 ਪ੍ਰਸ਼ਨ (5X1)=**5**

**(ਅ)** ਸੰਖੇਪ ਉੱਤਰ ਵਾਲ਼ੇ ਪ੍ਰਸ਼ਨ (70–80 ਸ਼ਬਦਾਂ ਵਿੱਚ) **ਚੋਣ ਆਧਾਰਿਤ** (2X4)=**8**

# *ਨਿਰਧਾਰਤ ਪੁਸਤਕ ਅਤੇ ਚੋਣਵੇਂ ਪਾਠ*

## ਲਾਜ਼ਮੀ ਪੰਜਾਬੀ 12 (ਕਵਿਤਾਵਾਂ)

(1) **ਟੁਕੜੀ ਜੱਗ ਤੋਂ ਨਿਆਰੀ** (ਭਾਈ ਵੀਰ ਸਿੰਘ)

(2) **ਤਾਜ ਮਹਲ** (ਪ੍ਰੋ. ਮੋਹਨ ਸਿੰਘ)

(3) **ਚੁੰਮ ਚੁੰਮ ਰੱਖੋ** (ਨੰਦ ਲਾਲ ਨੂਰਪੁਰੀ)

(4) **ਵਾਰਸ ਸ਼ਾਹ** (ਅੰਮ੍ਰਿਤਾ ਪ੍ਰੀਤਮ)

(5) **ਮੇਰਾ ਬਚਪਨ** (ਹਰਿਭਜਨ ਸਿੰਘ)

(6) **ਗੀਤ** (ਸ਼ਿਵ ਕੁਮਾਰ ਬਟਾਲਵੀ)

## ਲਾਜ਼ਮੀ ਪੰਜਾਬੀ 12 (ਕਹਾਣੀਆਂ)

(1) **ਸਾਂਝ** (ਸੁਜਾਨ ਸਿੰਘ)

(2) **ਨੀਲੀ** (ਕਰਤਾਰ ਸਿੰਘ ਦੁੱਗਲ)

(3) **ਮਾੜਾ ਬੰਦਾ** (ਪ੍ਰੇਮ ਪ੍ਰਕਾਸ਼)

(4) **ਘਰ ਜਾ ਆਪਣੇ** (ਗੁਲਜ਼ਾਰ ਸਿੰਘ ਸੰਧੂ)

## ਲਾਜ਼ਮੀ ਪੰਜਾਬੀ 12 (ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ)

(1) **ਪੰਜਾਬ ਦੇ ਮੇਲੇ ਤੇ ਤਿਉਹਾਰ** (ਡਾ. ਐੱਸ.ਐੱਸ.ਵਣਜਾਰਾ ਬੇਦੀ)

(2) **ਪੰਜਾਬ ਦੇ ਰਸਮ-ਰਿਵਾਜ** (ਗੁਲਜ਼ਾਰ ਸਿੰਘ ਸੰਧੂ)

(3) **ਪੰਜਾਬ ਦੀਆਂ ਲੋਕ-ਖੇਡਾਂ** (ਸੁਖਦੇਵ ਮਾਦਪੁਰੀ)

(4) **ਪੰਜਾਬ ਦੇ ਲੋਕ-ਨਾਚ** (ਡਾ. ਜਗੀਰ ਸਿੰਘ ਨੂਰ)

**ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 12 (ਪੰਜਾਬ ਸਕੂਲ ਸਿੱਖਿਆ ਬੋਰਡ)**

**ਨੋਟ - ਲਾਜ਼ਮੀ ਪੰਜਾਬੀ 12 ਪਾਠ-ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in ’ਤੇ ਵੀ ਉਪਲਬਧ ਹੈ।**

## ਬਾਰ੍ਹਵੀਂ ਜਮਾਤ ਵਿੱਚ ਪੰਜਾਬੀ ਵਿਸ਼ੇ ਦੀਆਂ ਗਤੀਵਿਧੀਆਂ ਅਤੇ ਮੁਲਾਂਕਣ
## Guidelines for Activities and Evaluation

# ਪ੍ਰੋਜੈਕਟ (PROJECT)
## ਲਈ ਦਿਸ਼ਾ ਨਿਰਦੇਸ਼

1. ਅਧਿਆਪਕ ਵਿਦਿਆਰਥੀ ਨੂੰ **ਦੋ ਵਿਸ਼ਿਆਂ** ਵਿੱਚੋਂ **ਕਿਸੇ ਇੱਕ** 'ਤੇ ਪ੍ਰੋਜੈਕਟ ਤਿਆਰ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕਰੇਗਾ।
2. ਇਹ ਪ੍ਰੋਜੈਕਟ ਤਸਵੀਰਾਂ ਸਹਿਤ ਲਿਖਤੀ ਰੂਪ ਵਿੱਚ 10 ਤੋਂ 15 ਪੰਨਿਆਂ ਦਾ ਹੋਵੇਗਾ।
3. ਅਧਿਆਪਕ ਵਿਦਿਆਰਥੀ ਨੂੰ ਪ੍ਰੋਜੈਕਟ ਦੀ ਚੋਣ ਲਈ ਸਹਾਇਤਾ ਕਰੇਗਾ।
4. ਅਧਿਆਪਕ ਸਮੇਂ-ਸਮੇਂ 'ਤੇ ਪ੍ਰੋਜੈਕਟ ਦਾ ਨਿਰੀਖਣ ਕਰੇਗਾ।
5. ਅਧਿਆਪਕ ਵਿਦਿਆਰਥੀ ਨੂੰ ਹਰੇਕ ਪੱਖ ਤੋਂ ਸਲਾਹ ਦੇ ਕੇ ਖੋਜ ਕਰਨ ਲਈ ਪ੍ਰੇਰਿਤ ਕਰੇਗਾ।
6. ਅਧਿਆਪਕ ਇਹ ਯਕੀਨੀ ਬਣਾਏਗਾ ਕਿ ਪ੍ਰੋਜੈਕਟ ਰਾਹੀਂ ਵਿਦਿਆਰਥੀ ਕੁਝ ਸਿੱਖ ਰਿਹਾ ਹੈ। ਜੇਕਰ ਵਿਦਿਆਰਥੀ ਨੂੰ ਪ੍ਰੋਜੈਕਟ ਸੰਬੰਧੀ ਪ੍ਰਸ਼ਨ ਪੁੱਛੇ ਜਾਣ ਤਾਂ ਉਹ ਤਸੱਲੀ-ਬਖ਼ਸ਼ ਜਵਾਬ ਦੇ ਸਕੇ।
7. ਅਧਿਆਪਕ ਵਿਦਿਆਰਥੀ ਦੇ ਪ੍ਰੋਜੈਕਟ ਦਾ ਨਿਰੀਖਣ ਕਰਨ ਲਈ ਕਲਾਸ ਰੂਮ ਵਿੱਚ ਪ੍ਰਬੰਧ ਕਰੇਗਾ।
8. ਅਧਿਆਪਕ ਇਹ ਸੁਨਿਸ਼ਚਿਤ ਕਰੇਗਾ ਕਿ ਵਿਦਿਆਰਥੀ ਨੇ ਉਸ ਪ੍ਰੋਜੈਕਟ ਬਾਰੇ ਹਰ ਪੱਖ ਤੋਂ ਜਾਣਕਾਰੀ ਹਾਸਲ ਕਰ ਲਈ ਹੈ।

## ਪ੍ਰੋਜੈਕਟ ਬਣਾਉਣ ਦਾ ਉਦੇਸ਼

1. ਵਿਦਿਆਰਥੀ ਨੂੰ ਬਹੁ-ਪੱਖੀ ਖੋਜ ਕਰਨ ਲਈ ਪ੍ਰਤਿਭਾਸ਼ਾਲੀ ਤੇ ਨਿਪੁੰਨ ਬਣਾਉਣਾ ਹੈ।
2. ਅਧਿਆਪਕ ਨੇ ਵਿਦਿਆਰਥੀ ਨੂੰ ਪ੍ਰੋਜੈਕਟ ਬਣਾਉਣ ਲਈ ਮੌਕੇ ਮੁਹੱਈਆ ਕਰਾਉਣੇ ਹਨ। ਜਿਨ੍ਹਾਂ ਰਾਹੀਂ ਵਿਦਿਆਰਥੀ ਨੇ ਆਪਣੀ ਤੇ ਆਲ਼ੇ-ਦੁਆਲ਼ੇ ਦੀ ਜਾਣਕਾਰੀ ਦੇ ਨਾਲ਼-ਨਾਲ਼ ਸ਼ਖ਼ਸ਼ੀਅਤ ਦਾ ਵੀ ਨਿਖਾਰ ਕਰਨਾ ਹੈ।
3. ਵਿਦਿਆਰਥੀ ਨੇ ਇਸ ਪ੍ਰੋਜੈਕਟ ਦੁਆਰਾ ਦੇਸ ਵਿੱਚ ਹੀ ਨਹੀਂ ਵਿਦੇਸ਼ ਵਿੱਚ ਵੀ ਪਛਾਣ ਬਣਾਉਣੀ ਹੈ।
4. ਵਿਦਿਆਰਥੀ ਨੂੰ ਪ੍ਰੋਜੈਕਟ ਰਾਹੀਂ ਦਲੀਲ ਭਰਪੂਰ ਤਕਨੀਕ ਤੋਂ ਜਾਣੂ ਕਰਾਉਣਾ ਹੈ।
5. ਪ੍ਰੋਜੈਕਟ ਰਾਹੀਂ ਅਧਿਆਪਕ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਸਿਹਤਮੰਦ ਭਾਵਨਾ ਨੂੰ ਉਜਾਗਰ ਕਰੇਗਾ।
6. ਵਿਦਿਆਰਥੀਆਂ ਦੀ ਸ਼ਖ਼ਸ਼ੀਅਤ ਨੂੰ ਬਹੁ-ਅਯਾਮੀ ਪੱਖ ਤੋਂ ਵਿਸ਼ਵ-ਵਿਆਪੀ ਬਣਾਉਣਾ ਹੈ।

## ਪ੍ਰੋਜੈਕਟ ਦੀ ਸੰਭਾਵਨਾਵਾਂ ਬਾਰੇ ਅਧਿਆਪਕ ਵਿਦਿਆਰਥੀਆਂ ਨੂੰ ਸੇਧ ਦੇਵੇਗਾ

1. ਜਾਣ–ਪਛਾਣ
2. ਵਿਸ਼ੇ ਬਾਰੇ ਵਿਸਤਾਰ ਸਹਿਤ ਜਾਣਕਾਰੀ
3. ਵਿਸ਼ੇ ਦੀ ਸਾਰਥਕਤਾ ਤੇ ਸੰਭਾਵਨਾਵਾਂ
4. ਪ੍ਰੋਜੈਕਟ ਦਾ ਆਲੋਚਨਾਤਮਿਕ ਪੱਖ
5. ਵਿਦਿਆਰਥੀ ਦੇ ਪ੍ਰੋਜੈਕਟ ਬਾਰੇ ਵਿਚਾਰ ਤੇ ਸੁਝਾਅ

**ਪੂਰਾ ਸਾਲ ਵਿਦਿਆਰਥੀ ਨੂੰ ਪਰਖਣ ਦੇ ਆਧਾਰ ’ਤੇ ਜਿਵੇਂ ਬੋਲ-ਚਾਲ, ਪ੍ਰਸ਼ਨ-ਉੱਤਰ ਤੇ ਦਲੀਲ ਭਰਪੂਰ ਜਾਣਕਾਰੀ**

**ਵੱਖਰੇ-ਵੱਖਰੇ ਵਿਸ਼ਿਆਂ ਤੋਂ ਲਏ ਗਏ ਅੰਕਾਂ ਨੂੰ ਸਾਹਮਣੇ ਰੱਖ ਕੇ ਵਿਦਿਆਰਥੀ ਦਾ ਮੁਲਾਂਕਣ**

**ਸੰਸਥਾ ਦੇ ਸਾਰੇ ਵਿਦਿਆਰਥੀਆਂ ਨੂੰ ਸਾਹਮਣੇ ਰੱਖ ਕੇ ਵਿਦਿਆਰਥੀ ਦਾ ਮੁਲਾਂਕਣ**

### ਅੰਕ ਮੁਲਾਂਕਣ

| | |
|---|---|
| 1. ਸਹੀ ਵਿਸ਼ਾ ਚੋਣ ਤੇ ਪੇਸ਼ਕਾਰੀ | 2 ਅੰਕ |
| 2. ਖੋਜ ਭਰਪੂਰ ਵਿਆਖਿਆ | 5 ਅੰਕ |
| 3. ਸ਼ਖਸ਼ੀਅਤ ਦਾ ਮੁਲਾਂਕਣ (VIVA) | 3 ਅੰਕ |
| ਕੁੱਲ | 10 ਅੰਕ |

**ਨੋਟ—ਪਰੀਖਿਅਕ ਨੇ ਉਪਰੋਕਤ ਦਿੱਤੇ ਗਏ ਸੁਝਾਅ ਅਨੁਸਾਰ ਵਿਦਿਆਰਥੀ ਦਾ ਮੁਲਾਂਕਣ ਕਰਨਾ ਹੈ।**

# ਸੁਝਾਏ ਗਏ ਪ੍ਰੋਜੈਕਟ (SUGGESTED PROJECTS)

1. ਖ਼ੁਰਾਕ (ਕਿਸੇ ਇੱਕ ਰਾਜ/ਪ੍ਰਦੇਸ਼ ਆਧਾਰਿਤ)
2. ਪੰਜਾਬ ਦੇ ਮੇਲੇ ਤੇ ਤਿਓਹਾਰ
3. ਬਜ਼ੁਰਗਾਂ ਦਾ ਘੱਟ ਰਿਹਾ ਸਤਿਕਾਰ (ਕਾਰਨ ਤੇ ਸੁਝਾਅ)
4. ਕਰੋਨਾ-ਕਾਲ ਸਮੇਂ ਪੇਂਡੂ ਤੇ ਸ਼ਹਿਰੀ ਜੀਵਨ ਦਾ ਅੰਤਰ
5. ਕਰੋਨਾ-ਕਾਲ ਸਮੇਂ ਆਨ-ਲਾਈਨ ਪੜ੍ਹਾਈ
6. ਕਰੋਨਾ-ਕਾਲ ਸਮੇਂ ਉਭਰੀ ਲੋਕ-ਸੇਵਾ ਭਾਵਨਾ
7. ਕਰੋਨਾ-ਕਾਲ ਸਮੇਂ ਪ੍ਰਦੂਸ਼ਣ ਦੀ ਸਥਿਤੀ
8. ਕਰੋਨਾ-ਕਾਲ ਤੋਂ ਬਾਅਦ ਸਕੂਲਾਂ ਦੀ ਸਥਿਤੀ ਤੇ ਵਿਦਿਆਰਥੀਆਂ ਦਾ ਵਿਹਾਰ
9. ਵਿਦੇਸ਼ਾਂ ਵਿੱਚ ਜਾਣ ਦੀ ਹੋੜ (ਸ਼ੌਕ, ਮਜ਼ਬੂਰੀ ਜਾਂ ਸਮਾਜਿਕ ਰੁਤਬਾ)
10. ਸੋਸ਼ਲ ਮੀਡੀਆ ਦਾ ਵੱਧ ਰਿਹਾ ਪ੍ਰਭਾਵ
11. ਵਿਗਿਆਨੀ (ਸਮਾਜ ਨੂੰ ਦੇਣ)
12. ਲੇਖਕ (ਸਾਹਿਤਿਕ ਦੇਣ)
13. ਮਹਾਂਪੁਰਸ਼ (ਜੀਵਨੀ ਤੇ ਉਪਦੇਸ਼)

**ਨੋਟ : ਅਧਿਆਪਕ ਇਹਨਾਂ ਤੋਂ ਇਲਾਵਾ ਆਪਣੀ ਸੂਝ-ਬੂਝ ਤੇ ਇਲਾਕਾਈ ਜ਼ਰੂਰਤਾਂ/ਖ਼ਾਸੀਅਤਾਂ ਅਨੁਸਾਰ ਹੋਰ ਵਿਸ਼ੇ ਚੁਣ ਸਕਦੇ ਹਨ।**